## ਗੁਰੂ ਨਾਨਕ –ਸਬਦ ੧੨

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੫

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥
ਨ ਜਾਣਾ ਮੇਉ ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥
ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥
ਤੇਰੈ ਕੰਮਿ ਨ ਤੇਰੈ ਨਾਇ ॥੨॥
ਜੇਤਾ ਦੇਹਿ ਤੇਤਾ ਹਉ ਖਾਉ ॥
ਬਿਆ ਦਰੁ ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥੩੧॥

ਸਾਰ: ਦੁੱਖ ਮਨੁੱਖੀ ਅਨੁਭਵ ਦਾ ਇਕ ਮੂਲ ਭਾਗ ਹੈ ਜੋ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਦਾ ਹੈ। ਇਹ ਜੀਵਨ ਦੀ ਛਿੰਨ ਭੰਗਰਤਾ, ਅਧੂਰੀਆਂ ਇੱਛਾਵਾਂ ਅਤੇ ਹੋਂਦ ਦੀ ਅਸਲੀਅਤ ਤੋਂ ਪੈਦਾ ਹੁੰਦਾ ਹੈ। ਇਹ ਸਾਂਝਾ ਸੰਘਰਸ਼ ਸਾਨੂੰ ਇਕਜੁੱਟ ਕਰਦਾ ਹੈ, ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਹਰ ਕਿਸੇ ਨੂੰ ਜੀਵਨ ਦੀ ਸੰਘਰਸ਼ ਰੂਪੀ ਜਦੋ-ਜਹਿਦ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਸਾਡੇ ਦਿਲਾਂ ਵਿਚ ਨਿਮਰਤਾ ਅਤੇ ਹਮਦਰਦੀ ਪੈਦਾ ਕਰਦੀ ਹੈ। ਮੁਸੀਬਤ ਦੇ ਪਲਾਂ ਵਿਚ, ਉਹ ਭਰਮ ਜਿਨ੍ਹਾਂ ਨੂੰ ਅਸੀਂ ਦੂਰ ਕਰਨ ਬਾਰੇ

ਜੂਝਦੇ ਹਾਂ, ਸਾਨੂੰ ਬਾ-ਕੀਮਤੀ ਅੰਤਰਦ੍ਰਿਸ਼ਟੀ ਪ੍ਰਾਪਤ ਕਰਨ ਦੀ ਆਗਿਆ ਦਿੰਦੇ ਹਨ ਜੋ ਸਾਨੂੰ ਸੱਚੀ ਮੁਕਤੀ ਵੱਲ ਲੈ ਜਾ ਸਕਦੇ ਹਨ। ਮੁਸ਼ਕਿਲ ਦੀ ਘੜੀ ਵਿਚ ਅਸੀਂ ਅਕਸਰ ਇਕ ਵੱਡੀ ਤਾਕਤ ਦੀ ਹਾਜ਼ਰਤਾ ਮਹਿਸੂਸ ਕਰਦੇ ਹਾਂ, ਜੋ ਸਾਨੂੰ ਇਹ ਅਹਿਸਾਸ ਦਿਵਾਉਂਦੀ ਹੈ ਕਿ ਅਸੀਂ ਅਲੱਗ-ਇਕਾਂਤ ਵਿਚ ਵੱਸਣ ਵਾਲੇ ਜੀਵਾਂ ਦੀ ਬਜਾਏ ਇਕ ਬੇਅੰਤ ਅੰਤਰਸੰਬੰਧਿਤ ਸੁਰਤਾਲ ਦਾ ਹਿੱਸਾ ਹਾਂ। ਇਹਨਾਂ ਚੁਣੌਤੀਪੂਰਨ ਅਨੁਭਵਾਂ ਰਾਹੀਂ ਹੀ ਅਸੀਂ ਗੰਭੀਰ ਸੱਚਾਈਆਂ ਅਤੇ ਹਕੀਕਤਾਂ ਲਈ ਜਾਗਰੂਕ ਹੋ ਸਕਦੇ ਹਾਂ।

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਸਰਵ ਵਿਆਪਕ ਊਰਜਾ ਇਕ ਬਿਬੇਕਮਈ ਅਤੇ ਦੂਰਦਰਸ਼ੀ ਨਦੀ ਵਾਂਗ ਹੈ। ਮੈਂ ਇੱਕ ਮੱਛੀ ਵਾਂਗ ਹਾਂ; ਜੋ ਇਸਦੀ ਡੂੰਘਾਈ ਤੱਕ ਕਿਵੇਂ ਪਹੁੰਚ ਸਕਦੀ ਹੈ? ਇਸ ਤੱਥ ਨੂੰ ਉਜਾਗਰ ਕਰਦੇ ਹੋਏ ਕਿ ਸਮੁੰਦਰ ਵਿਚ ਰਹਿੰਦੀ ਮੱਛੀ ਇਸ ਦੀ ਵਿਸ਼ਾਲਤਾ ਨੂੰ ਨਹੀਂ ਸਮਝ ਸਕਦੀ, ਸ੍ਰਿਸ਼ਟੀ ਦੇ ਅੰਦਰ ਰਹਿਣ ਵਾਲੇ ਮਨੁੱਖਾਂ ਕੋਲ ਇਸਦੀ ਹੱਦ ਨੂੰ ਸਮਝਣ ਦੀ ਸੀਮਤ ਸਮਰੱਥਾ ਹੈ।

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥
ਮੈਂ ਜਿੱਧਰ ਵੀ ਦੇਖਦਾ ਹਾਂ, ਮੈਨੂੰ ਆਪਣੇ ਆਲੇ-ਦੁਆਲੇ ਤੁਹਾਡੀ ਹਾਜ਼ਰਤਾ ਮਹਿਸੂਸ ਹੁੰਦੀ ਹੈ; ਜੇ ਮੈਂ ਤੁਹਾਡੇ ਤੋਂ ਵਿਛੜ ਜਾਵਾਂ, ਤਾਂ ਇਹ ਮੇਰੇ ਲਈ ਪੀੜਾ ਬਣ ਜਾਵੇਗਾ ਜਿਸ ਨਾਲ ਮੈਂ ਨਾਸ਼ ਹੋ ਜਾਵਾਂਗਾ। ਇਹ ਇਸ ਤੱਥ ਨੂੰ ਸਪੱਸ਼ਟ ਕਰਦਾ ਹੈ ਕਿ ਅਸੀਂ ਸਾਰੇ ਇਕੋ ਪਰਸਥਿਤੀ ਤੰਤਰ ਪ੍ਰਣਾਲੀ ਦਾ ਹਿੱਸਾ ਹਾਂ; ਇਸ ਸੱਚਾਈ ਤੋਂ ਮੂੰਹ ਮੋੜਨਾ ਰੂਹਾਨੀ ਪਤਨ ਵੱਲ ਲੈ ਜਾ ਸਕਦਾ ਹੈ। (੧)

ਨ ਜਾਣਾ ਮੇਉ ਨ ਜਾਣਾ ਜਾਲੀ ॥
ਮੈਂ ਚੋਗੇ ਜਾਂ ਮਛੇਰਿਆਂ ਦੇ ਜਾਲ ਤੋਂ ਜਾਣੂ ਨਹੀਂ ਹਾਂ, ਜੋ ਦਰਸਾਉਂਦਾ ਹੈ ਕਿ ਜਾਗਰੂਕਤਾ ਤੋਂ ਬਿਨਾਂ, ਅਸੀਂ ਛਲਕਪਟ ਰੂਪੀ ਭਰਮਾਂ ਦਾ ਸ਼ਿਕਾਰ ਹੋਣ ਦਾ ਜੋਖਮ ਲੈ ਸਕਦੇ ਹਾਂ।

ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥

ਦੁੱਖ ਦੇ ਪਲਾਂ ਵਿਚ ਮੈਂ ਸਰਵ ਵਿਆਪਕ ਸ਼ਕਤੀ ਦੀ ਸਰਵਵਿਆਪੀਤਾ ਬਾਰੇ ਵਿਚਾਰ ਕਰਦਾ ਹਾਂ। ਇਹ ਵਿਚਾਰ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਚੁਣੌਤੀਆਂ ਅਕਸਰ ਵਧੇਰੇ ਜਾਗਰੂਕਤਾ ਵੱਲ ਲੈ ਜਾਂਦੀਆਂ ਹਨ। (੧)(ਠਹਿਰਾਉ)

ਤੂ ਭਰਪੂਰਿ ਜਾਨਿਆ ਮੈ ਦੂਰਿ ॥

ਵਿਸ਼ਵਵਿਆਪੀ ਜਾਗਰੂਕਤਾ ਸਰਬ-ਵਿਆਪੀ ਹੈ, ਫਿਰ ਵੀ ਮੈਂ ਇਸਨੂੰ ਬਹੁਤ ਦੂਰ ਮੰਨਦਾ ਸੀ; ਅਗਿਆਨਤਾ ਦਾ ਪ੍ਰਮਾਣ ਜੋ ਦਵੈਤ ਦਾ ਭਰਮ ਪੈਦਾ ਕਰਦਾ ਹੈ।

ਜੋ ਕਛੁ ਕਰੀ ਸੁ ਤੇਰੈ ਹਦੂਰਿ ॥

ਮੇਰਾ ਹਰ ਕਰਮ ਸਰਵ ਵਿਆਪਕ ਊਰਜਾ ਦੀ ਹਾਜ਼ਰਤਾ ਵਿਚ ਹੁੰਦਾ ਹੈ, ਜੋ ਸਪੱਸ਼ਟ ਕਰਦਾ ਹੈ ਕਿ ਸਾਡੀਆਂ ਚੋਣਾਂ, ਆਪਣੇ ਨਿੱਜਤਵ ਨਾਲੋਂ ਇਕ ਵਿਸ਼ਾਲ ਬ੍ਰਹਿਮੰਡੀ ਚੇਤਨਾ ਦਾ ਹਿੱਸਾ ਹਨ।

ਤੂ ਦੇਖਹਿ ਹਉ ਮੁਕਰਿ ਪਾਉ ॥

ਸਰਵ ਵਿਆਪਕ ਚੇਤਨਾ ਨਿਹਾਰਦੀ ਹੈ, ਪਰ ਮੇਰਾ ਹਉਮੈ ਇਸਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ, ਜੋ ਕਿਸੇ ਦੇ ਕਰਮਾਂ ਦੀ ਜਵਾਬਦੇਹੀ ਸਵੀਕਾਰ ਕਰਨ ਦੇ ਵਿਰੋਧ ਨੂੰ ਦਰਸਾਉਂਦਾ ਹੈ ਭਾਵੇਂ ਜ਼ਮੀਰ ਹਕੀਕਤ ਨੂੰ ਪਛਾਣਦਾ ਹੋਵੇ।

ਤੇਰੈ ਕੰਮਿ ਨ ਤੇਰੈ ਨਾਇ ॥੨॥

ਮੈਂ ਕੁਦਰਤ ਦੇ ਨਿਯਮਾਂ ਦੀ ਕਦਰ ਨਹੀਂ ਕਰਦਾ, ਨਾ ਹੀ ਮੈਂ ਉਨ੍ਹਾਂ ਬਾਰੇ ਚਿੰਤਨ ਕਰਦਾ ਹਾਂ। (੨)

ਜੇਤਾ ਦੇਹਿ ਤੇਤਾ ਹਉ ਖਾਉ ॥

ਜੋ ਵੀ ਦਿੱਤਾ ਜਾਂਦਾ ਹੈ, ਮੈਂ ਉਸਦਾ ਸੇਵਨ ਕਰਦਾ ਹਾਂ, ਇਹ ਮੰਨਦੇ ਹੋਏ ਕਿ ਆਪਣੇ ਨਿਰਬਾਹ ਲਈ, ਅਸੀਂ ਹਵਾ ਅਤੇ ਪਾਣੀ ਵਰਗੇ ਕੁਦਰਤੀ ਸਰੋਤਾਂ 'ਤੇ ਨਿਰਭਰ ਹਾਂ, ਜੋ ਸਵੈ ਸਿਰਜਤ ਨਹੀਂ ਬਲਕਿ ਕੁਦਰਤ ਦੁਆਰਾ ਪ੍ਰਦਾਨ ਕੀਤੇ ਗਏ ਹਨ।

ਬਿਆ ਦਰੁ ਨਾਹੀ ਕੈ ਦਰਿ ਜਾਉ ॥

ਕੋਈ ਹੋਰ ਦਰ ਨਹੀਂ, ਤਾਂ ਮੈਂ ਕਿਸ ਦਰ ਤੇ ਜਾਵਾਂ, ਇਹ ਦਰਸਾਉਂਦਾ ਹੈ ਕਿ ਇੱਕਲੀ ਜਾਗਰੂਕਤਾ ਸਾਰੀ ਹੋਂਦ ਨੂੰ ਇਕਜੁੱਟ ਕਰਦੀ ਹੈ; ਇਸ ਲਈ, ਸਾਡੇ ਅੰਦਰ ਵੱਸਦੀ ਊਰਜਾ ਤੋਂ ਇਲਾਵਾ ਕੋਈ ਹੋਰ ਮਾਰਗਦਰਸ਼ਕ ਸਰੋਤ ਨਹੀਂ ਹੈ।

ਨਾਨਕੁ ਏਕ ਕਹੈ ਅਰਦਾਸਿ ॥

ਨਾਨਕ ਕਹਿੰਦੇ ਹਨ  ਕਿ ਉਹ ਏਕਤਾ ਲਈ ਜੋਦੜੀ ਕਰਦੇ ਹਨ।

ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥

ਸਾਹ, ਸਰੀਰ, ਸਾਰਾ ਵਜੂਦ ਤੁਹਾਡੇ ਅੰਦਰ ਹਾਜ਼ਰ ਹੈ। (੩)

ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥

ਤੁਸੀਂ ਖੁਦ ਨੇੜੇ, ਦੂਰ, ਅਤੇ ਵਿਚਕਾਰ ਵੀ ਹੋ, ਸਾਡੇ ਮਨ ਦੀ ਸਥਿਤੀ ਨੂੰ ਦਰਸਾਉਂਦੇ ਹੋ ਜੋ ਇਹ ਨਿਰਧਾਰਤ ਕਰਦੀ ਹੈ ਕਿ ਅਸੀਂ ਸੱਚਮੁੱਚ ਜੁੜੇ ਹੋਏ ਹਾਂ, ਵਿਛੋੜਾ ਮਹਿਸੂਸ ਕਰ ਰਹੇ ਹਾਂ, ਜਾਂ ਆਪਣੇ ਮੂਲ ਨਾਲ ਇਕਸੁਰ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ।

ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥

ਤੁਸੀਂ ਆਪਣਾ ਸੰਸਾਰ ਸਿਰਜਣ ਲਈ ਕੁਦਰਤ ਨੂੰ ਅਨੁਭਵ ਕਰਦੇ, ਸਮਝਦੇ ਅਤੇ ਪ੍ਰਗਟ ਕਰਦੇ ਹੋ; ਇਸਦਾ ਅਰਥ ਹੈ ਕਿ ਜੀਵਨ ਦਾ ਹਰ ਪਹਿਲੂ ਇਕ ਏਕੀਕ੍ਰਿਤ ਸ਼ਕਤੀ ਦਾ ਤੱਤਸਾਰ ਹੈ।

ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥੩੧॥

ਨਾਨਕ ਕਹਿੰਦੇ ਹਨ ਕਿ ਕੁਦਰਤ ਦੇ ਨਿਯਮਾਂ ਅਨੁਸਾਰ ਜੋ ਵੀ ਲਾਭਦਾਇਕ ਮੰਨਿਆ ਜਾਂਦਾ ਹੈ ਉਹ ਸਵੀਕਾਰਯੋਗ ਹੈ; ਇਹ ਇਸ ਤੱਥ ਦਾ ਪ੍ਰਮਾਣ ਹੈ ਕਿ ਜੋ ਇਸ ਕੁਦਰਤੀ ਕ੍ਰਮ ਦੇ ਨਾਲ ਮੇਲ ਖਾਂਦਾ ਹੈ ਉਹੀ ਸੱਚਮੁੱਚ ਇਕਸੁਰਤਾ ਵਿਚ ਵਹਿੰਦਾ ਹੈ। (੪)(੩੧)

ਤੱਤ: ਗੁਰੂ ਨਾਨਕ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਸਾਡਾ ਅਸਲ ਇਸ ਰਾਹੀਂ ਘੜਿਆ ਜਾਂਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੀ ਦੁਨੀਆਂ ਨੂੰ ਕਿਵੇਂ ਵੇਖਦੇ ਅਤੇ ਸਮਝਦੇ ਹਾਂ। ਜੋ ਕਾਇਮ ਰਹਿੰਦਾ ਹੈ ਉਹੀ ਕੁਦਰਤ ਦੇ ਨਿਯਮਾਂ ਨਾਲ ਮੇਲ ਖਾਂਦਾ ਹੈ। ਇਨ੍ਹਾਂ ਨਿਯਮਾਂ ਦਾ ਵਿਰੋਧ ਕਰਨ ਨਾਲ ਸੰਘਰਸ਼ ਨੂੰ ਸੱਦਾ ਮਿਲਦਾ ਹੈ, ਜਦੋਂ ਕਿ ਉਨ੍ਹਾਂ ਨਾਲ ਇਕਸੁਰ ਹੋਣ ‘ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਦਭਾਵਨਾ ਕੋਈ ਅਜਿਹੀ ਵਸਤ ਨਹੀਂ ਹੈ ਜੋ ਜੀਵਨ 'ਤੇ ਥੋਪੀ ਜਾ ਸਕੇ; ਇਹ ਤਾਂ ਅਜਿਹਾ ਸਦਗੁਣ ਹੈ ਜੋ ਅਸੀਂ ਹੋਂਦ ਦੀ ਗਹਿਰਾਈ ਅੰਦਰੋਂ ਖੋਜਦੇ ਹਾਂ। ਸੱਚਮੁੱਚ ਇਹ ਸਮਝਣ ਲਈ ਕਿ ਕੀ ਲਾਭਦਾਇਕ ਹੈ, ਸਾਨੂੰ ਕੁਦਰਤ ਦੇ ਕ੍ਰਮ 'ਤੇ ਵਿਚਾਰ ਕਰਨੀ ਚਾਹੀਦੀ ਹੈ, ਜੋ ਜੀਵਨ ਨੂੰ ਸਹਿਣ, ਕਾਇਮ ਰੱਖਣ ਅਤੇ ਅਮੀਰ ਬਣਾਉਣ ਵਾਲੀ ਹਰ ਵਸਤ ਦੀ ਨੀਂਹ ਸਿਰਜਦਾ ਹੈ। ਜਦੋਂ ਕਿ ਮਨੁੱਖੀ ਕਾਨੂੰਨ ਸਮੇਂ ਦੇ ਨਾਲ ਬਦਲ ਸਕਦੇ ਹਨ, ਕੁਦਰਤ ਦੇ ਨਿਯਮ ਸਥਿਰ ਰਹਿੰਦੇ ਹਨ। ਚੰਗੀ ਤਰ੍ਹਾਂ ਜੀਉਣ ਦਾ ਮਾਇਨਾ ਹੀ ਇਸ ਢਾਂਚੇ ਨੂੰ ਪਛਾਣਨਾ ਅਤੇ ਇਸਦੇ ਨਾਲ ਚੱਲਣਾ ਹੈ। ਜੀਵਨ ਨੂੰ ਘੱਟ ਸੰਘਰਸ਼ਮਈ ਅਤੇ ਕੁਦਰਤੀ ਵਿਕਾਸ ਦਾ ਹਿੱਸਾ ਬਣਨ ਦੇਣਾ ਇਹੀ ਜਾਗਰੂਕਤਾ ਦੀ ਨਿਸ਼ਾਨੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**